# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 07-02-2025**

- ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਕਿਹਾ ਏ ਕਿ ਪਿਛਲੇ ਸਾਲ ਦੇ ਅੰਤ ਤੱਕ 4 ਹਜ਼ਾਰ 300 ਤੋਂ ਵੱਧ ਖੇਤੀ ਉਤਪਾਦਕ ਸੰਗਠਨਾਂ FPOs ਨੇ ਈ-ਨਾਮ ਪੋਰਟਲ ਨਾਲ ਰਜਿਸਟਰ ਕੀਤਾ ਏ ।
- ਅੱਜ ਭਾਰਤ ਸਰਕਾਰ ਵੱਲੋਂ ਸਦਭਾਵਨਾ ਵਜੋਂ ਪੰਜ ਪਾਕਿਸਤਾਨੀ ਕੈਦੀਆਂ ਨੂੰ ਰਿਹਾ ਕੀਤਾ ਗਿਆ ਏ ।
- ਖਪਤਕਾਰ ਮਾਮਲਿਆਂ ਬਾਰੇ ਵਿਭਾਗ ਨੇ ਇੱਕ AI-ਸਮਰੱਥ ਰਾਸ਼ਟਰੀ ਖਪਤਕਾਰ ਹੈਲਪਲਾਈਨ (NCH) ਸਿਸਟਮ ਕਾਇਮ ਕੀਤਾ ਏ ।

- ਰੂਪ ਨਗਰ ਸ਼ਹਿਰ ਵਿੱਚ ਨਹਿਰੀ ਪਾਣੀ ਦੀ ਸਪਲਾਈ ਨੂੰ ਵਧਾਉਣ ਲਈ ਕਰੀਬ 1 ਹਜ਼ਾਰ 247  ਲੱਖ ਰੁਪਏ ਦੇ ਕੰਮ ਦੀ ਸ਼ੁਰੂਆਤ ਕੀਤੀ ਗਈ ਏ।
- ਉਤਰਾਖੰਡ ਵਿਖੇ ਹੋ ਰਹੀਆਂ 38ਵੀਆਂ ਰਾਸ਼ਟਰੀ ਖੇਡਾਂ ਵਿਚ ਪੰਜਾਬ ਨੇ ਅੱਜ ਕਾਂਸੀ ਦਾ ਇੱਕ ਹੋਰ ਤਮਗਾ ਜਿੱਤਿਆ ਏ ਤੇ ਇਸਦੇ ਤਮਗਿਆਂ ਦੀ ਕੁਲ ਗਿਣਤੀ ਵਧ ਕੇ 34 ਹੋ ਗਈ ਏ।

---------------------------------------------------

ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਕਿਹਾ ਏ ਕਿ ਪਿਛਲੇ ਸਾਲ ਦੇ ਅੰਤ ਤੱਕ 4 ਹਜ਼ਾਰ 300 ਤੋਂ ਵੱਧ ਖੇਤੀ ਉਤਪਾਦਕ ਸੰਗਠਨਾਂ FPOs ਨੇ ਈ-ਨਾਮ ਪੋਰਟਲ ਨਾਲ ਰਜਿਸਟਰ ਕੀਤਾ ਏ ਅਤੇ ਇਨ੍ਹਾਂ FPOs ਦੇ 4 ਕਰੋੜ 80 ਲੱਖ ਤੋਂ ਵੱਧ ਕਿਸਾਨਾਂ ਨੂੰ 249 ਕਰੋੜ ਰੁਪਏ ਦੀ ਅਦਾਇਗੀ ਹੋਈ ਏ। ਰਾਜ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਜ਼ਿਮਨੀ ਸੁਆਲ ਦੇ ਜਵਾਬ ਵਿੱਚ, ਖੇਤੀਬਾੜੀ ਮੰਤਰੀ ਨੇ ਕਿਹਾ ਕਿ ਦੇਸ਼ ਭਰ ਵਿੱਚ ਹੁਣ ਤੱਕ 10 ਹਜ਼ਾਰ ਤੋਂ ਵੱਧ FPOs ਬਣਾਏ ਗਏ ਨੇ. ਮੰਤਰੀ ਨੇ ਕਿਹਾ ਕਿ ਦੇਸ਼ ਭਰ ਦੇ 1400 ਤੋਂ ਵੱਧ ਬਾਜ਼ਾਰ ਈ-ਨਾਮ

ਪੋਰਟਲ ਨਾਲ ਜੁੜ ਗਏ ਨੇ. ਉਨ੍ਹਾਂ ਕਿਹਾ ਕਿ ਕਿਸਾਨ ਮੁਕਾਬਲੇਬਾਜ਼ੀ ਵਾਲੀਆਂ ਕੀਮਤਾਂ ਪ੍ਰਾਪਤ ਕਰਨ ਲਈ ਘਰ ਬੈਠੇ ਹੀ ਆਪਣੀ ਉਪਜ ਦੀਆਂ 360 ਡਿਗਰੀ ਫੋਟੋਆਂ ਅਪਲੋਡ ਕਰਕੇ ਈ-ਨਾਮ ਦੇ ਲਾਭ ਦੀ ਵਰਤੋਂ ਕਰ ਸਕਦੇ ਨੇ ਕਿਉਂਕਿ ਕਿਸਾਨਾਂ ਦੀ ਸਹੂਲਤ ਲਈ ਈ-ਨਾਮ 'ਤੇ ਇੱਕ ਵੱਖਰਾ ਫਾਰਮ ਗੇਟ ਮੋਡਿਊਲ ਸਥਾਪਤ ਕੀਤਾ ਗਿਆ ਏ।

BYTE

ਮੰਤਰੀ ਨੇ ਅੱਗੇ ਕਿਹਾ ਕਿ 22 ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਅੰਤਰ-ਰਾਜੀ ਵਪਾਰ ਲਈ ਈ-ਨਾਮ ਪੋਰਟਲ ਵਿੱਚ ਸ਼ਾਮਲ ਹੋ ਗਏ ਨੇ ਅਤੇ ਅੰਤਰ-ਰਾਜੀ ਵਪਾਰ ਦੇ ਤਹਿਤ ਕਿਸਾਨਾਂ ਨੂੰ ਲਗਭਗ ਛੇ ਹਜ਼ਾਰ ਕਰੋੜ ਰੁਪਏ ਦੀ ਅਦਾਇਗੀ ਸਿੱਧੇ ਤੌਰ 'ਤੇ ਕੀਤੀ ਗਈ ਏ।

---------------------------------------------------------------

ਸਰਕਾਰ ਨੇ ਕਿਹਾ ਏ ਕਿ ਮੌਜੂਦਾ ਸਮੇਂ ਦੇਸ਼ ਦੀ ਖਾਦ ਉਤਪਾਦਨ ਸਮਰੱਥਾ 315 ਲੱਖ ਮੀਟ੍ਰਿਕ ਟਨ ਏ। ਲੋਕ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਜ਼ਿਮਨੀ ਸੁਆਲ ਦਾ ਜਵਾਬ ਦਿੰਦਿਆਂ ਰਸਾਇਣ ਅਤੇ ਖਾਦ ਮੰਤਰੀ ਜੇ ਪੀ ਨੱਡਾ ਨੇ ਕਿਹਾ ਕਿ ਭਾਰਤ ਨੇ ਸਾਲ 2014 ਵਿੱਚ 225

ਲੱਖ ਮੀਟ੍ਰਿਕ ਟਨ ਖਾਦਾਂ ਦਾ ਉਤਪਾਦਨ ਕੀਤਾ। ਹੁਣ ਇਸ ਵਿੱਚ ਕਾਫ਼ੀ ਵਾਧਾ ਹੋਇਆ ਏ । ਉਨ੍ਹਾਂ ਕਿਹਾ ਕਿ ਹਾਲ ਹੀ ਦੇ ਸਾਲਾਂ ਵਿੱਚ ਮੌਜੂਦਾ ਨਿਰਮਾਣ ਇਕਾਈਆਂ ਦੀ ਸਮਰੱਥਾ 20 ਲੱਖ ਮੀਟ੍ਰਿਕ ਟਨ ਤੋਂ ਵਧ ਕੇ 25 ਲੱਖ ਮੀਟ੍ਰਿਕ ਟਨ ਪ੍ਰਤੀ ਸਾਲ ਹੋ ਗਈ ਏ ।

---------------------------------------------------------------

ਖਪਤਕਾਰ ਮਾਮਲਿਆਂ ਬਾਰੇ ਵਿਭਾਗ ਨੇ ਇੱਕ AI-ਸਮਰੱਥ ਰਾਸ਼ਟਰੀ ਖਪਤਕਾਰ ਹੈਲਪਲਾਈਨ (NCH) ਸਿਸਟਮ ਕਾਇਮ ਕੀਤਾ ਏ ਜੋ ਕਿ ਸ਼ਿਕਾਇਤਾਂ ਦੇ ਸੈਕਟਰ-ਵਾਰ ਵਿਸ਼ਲੇਸ਼ਣ ਦੀ ਪੇਸ਼ਕਸ਼ ਕਰਦਾ ਏ । ਇਹ ਹੈਲਪਲਾਈਨ, ਉਤਪਾਦਾਂ ਜਾਂ ਸੇਵਾਵਾਂ ਨਾਲ ਸਬੰਧਤ ਕਿਸੇ ਵੀ ਸ਼ਿਕਾਇਤ ਲਈ ਟੋਲ-ਫ੍ਰੀ ਨੰਬਰ: 1-9-1-5 ਜਾਂ ਇਸਦੀ ਵੈੱਬਸਾਈਟ ""consumer helpline(dot)gov(dot)in". ਰਾਹੀਂ ਪਹੁੰਚਯੋਗ ਏ । ਵਿਭਾਗ ਨੇ ਕਿਹਾ ਏ ਕਿ ਨਵੀਂ ਤਕਨਾਲੋਜੀ-ਸੰਚਾਲਿਤ ਪਹੁੰਚ ਦਾ ਉਦੇਸ਼ ਖਪਤਕਾਰਾਂ ਦੇ ਮੁੱਦਿਆਂ ਨੂੰ ਹੱਲ ਕਰਨ ਦੀ ਰਫਤਾਰ ਅਤੇ ਕੁਸ਼ਲਤਾ ਵਿੱਚ ਸੁਧਾਰ ਕਰਨਾ, ਖਾਸ ਕਰਕੇ ਸਿੱਖਿਆ ਖੇਤਰ ਵਿੱਚ ਸੁਧਾਰ ਕਰਨਾ ਏ ।

---------------------------------------------------------------

ਅੱਜ ਭਾਰਤ ਸਰਕਾਰ ਵੱਲੋਂ ਸਦਭਾਵਨਾ ਵਜੋਂ ਪੰਜ ਪਾਕਿਸਤਾਨੀ ਕੈਦੀਆਂ ਨੂੰ ਰਿਹਾ ਕੀਤਾ ਗਿਆ ਏ. ਇਥੇ ਇਹ ਚੇਤੇ ਕਰਾਇਆ ਜਾਂਦਾ ਏ ਕਿ ਦੋਵਾਂ ਦੇਸ਼ਾਂ ਦੀ ਸੰਧੀ ਤਹਿਤ, ਇੱਕ ਦੂਜੇ ਦੀਆਂ ਜੇਲਾਂ'ਚ ਬੰਦ ਕੈਦੀ, ਜੋ ਆਪਣੀ ਸਜ਼ਾ ਪੂਰੀ ਕਰ ਚੁੱਕੇ ਨੇ ਉਹਨਾਂ ਨੂੰ ਰਿਹਾ ਕੀਤਾ ਜਾਂਦਾ ਏ. ਤੇ ਇਸੇ ਤਹਿਤ ਅੱਜ ਭਾਰਤ ਸਰਕਾਰ ਵੱਲੋਂ ਇਹਨਾਂ ਪੰਜ ਪਾਕਿਸਤਾਨੀ ਕੈਦੀਆਂ ਨੂੰ ਰਿਹਾ ਕੀਤਾ ਗਿਆ। ਇਹ ਕੈਦੀ ਅਟਾਰੀ ਵਾਘਾ ਸਰਹੱਦ ਰਾਹੀਂ ਪਾਕਿਸਤਾਨ ਲਈ ਰਵਾਨਾ ਹੋਏ । ਇਸ ਮੌਕੇ ਪ੍ਰੋਟੋਕੋਲ ਅਧਿਕਾਰੀ ਅਰੁਣ ਮਾਹਲ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅੱਜ ਭਾਰਤ ਸਰਕਾਰ ਵੱਲੋਂ ਪੰਜ ਦੇ ਕਰੀਬ ਪਾਕਿਸਤਾਨੀ ਕੈਦੀ ਰਿਹਾ ਕੀਤੇ ਗਏ ਨੇ ਜੋ ਆਪਣੀ ਸਜ਼ਾ ਪੂਰੀ ਕਰ ਆਪਣੇ ਵਤਨ ਵਾਪਸ ਜਾ ਰਹੇ ਨੇ. ਇਹਨਾਂ ਨੂੰ ਵੱਖ-ਵੱਖ ਜੇਲਾਂ ਦੇ ਵਿੱਚ ਸਜਾ ਹੋਈ ਸੀ ਜੋ ਹੁਣ ਇਹ ਆਪਣੇ ਵਤਨ ਪਾਕਿਸਤਾਨ ਜਾ ਰਹੇ ਨੇ ।

---------------------------------------------------------------

ਰੂਪ ਨਗਰ ਸ਼ਹਿਰ ਦੇ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਦਾ ਪੱਕਾ

ਹੱਲ ਕਰਨ ਲਈ ਅੱਜ ਨਹਿਰੀ ਪਾਣੀ ਦੀ ਸਪਲਾਈ ਨੂੰ ਵਧਾਉਣ ਵਾਸਤੇ ਕਰੀਬ 1 ਹਜ਼ਾਰ 247  ਲੱਖ ਰੁਪਏ ਦੇ ਕੰਮ ਦੀ ਸ਼ੁਰੂਆਤ ਕੀਤੀ ਗਈ ਏ । ਇਸ ਪ੍ਰੋਜੈਕਟ ਦੇ ਇਸ ਸਾਲ ਦਸੰਬਰ ਤੱਕ ਪੂਰਾ ਹੋਣ ਦੀ ਉਮੀਦ ਏ.ਪ੍ਰੋਜੈਕਟ ਪੂਰਾ ਹੋਣ ਨਾਲ਼ ਸ਼ਹਿਰ'ਚ ਪੀਣ ਵਾਲੇ ਪਾਣੀ ਦੀ ਸਮਸਿਆ ਤੋਂ ਨਿਜਾਤ ਮਿਲੇਗੀ ਇਸ ਦਾ ਉਦਘਾਟਨ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾਕਟਰ ਰਵਜੋਤ ਸਿੰਘ ਵੱਲੋਂ ਅੱਜ ਰੂਪਨਗਰ ਵਿਖੇ ਕੀਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਐਡਵੋਕੇਟ ਦਿਨੇਸ਼ ਚੱਡਾ ਵੀ ਮੌਜੂਦ ਸਨ। ਇਸ ਮੌਕੇ ਬੋਲਦਿਆਂ ਡਾਕਟਰ ਰਵਜੋਤ ਸਿੰਘ ਨੇ ਦੱਸਿਆ ਕਿ ਭਾਵੇਂ ਇਸ ਪ੍ਰੋਜੈਕਟ ਨੂੰ ਪੂਰਾ ਕੀਤੇ ਜਾਣ ਲਈ ਇਸ ਸਾਲ ਦਸੰਬਰ ਤੱਕ ਦੀ ਯੋਜਨਾ ਬਣਾਈ ਗਈ ਏ ਪਰ ਇਸ ਤੋਂ ਪਹਿਲਾਂ ਹੀ ਇਸ ਨੂੰ ਨੇਪਰੇ ਚਾੜ ਕੇ ਰੂਪਨਗਰ ਸ਼ਹਿਰ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਦੀ ਘਾਟ ਨੂੰ ਪੂਰਾ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਏਗੀ । ਇਸ ਮੌਕੇ ਹਲਕਾ ਵਿਧਾਇਕ ਐਡਵੋਕੇਟ ਦਿਨੇਸ਼ ਚੱਡਾ ਨੇ ਕਿਹਾ ਕਿ ਰੋਪੜ ਸ਼ਹਿਰ ਨੂੰ ਭਾਖੜਾ ਨਹਿਰ ਤੋਂ ਪੀਣ ਵਾਲਾ ਜਿੰਨ੍ਹਾਂ ਪਾਣੀ 1992 ਚ ਮਿਲਦਾ ਸੀ, ਉੱਨਾ ਹੀ ਅੱਜ ਮਿਲਦਾ ਏ ਹਾਲਾਂਕਿ  33 ਸਾਲਾਂ ਚ ਸ਼ਹਿਰ ਚ ਅਬਾਦੀ

ਕਈ ਗੁਣਾ ਵਧੀ ਏ. ਓਹਨਾਂ ਕਿਹਾ ਕਿ ਇਸੇ ਸਮਸਿਆ ਨੂੰ ਖਤਮ ਕਰਨ ਲਈ ਕਦਮ ਚੁੱਕਦਿਆਂ ਪਾਣੀ ਸਪਲਾਈ ਮਹਿਕਮੇ ਰਾਹੀਂ ਪ੍ਰੋਜੈਕਟ ਬਣਵਾਇਆ ਗਿਆ ਅਤੇ ਮਨਜ਼ੂਰੀ ਤੋਂ ਬਾਅਦ ਅੱਜ ਇਸ ਦੀ ਸ਼ੁਰੂਆਤ ਕੀਤੀ ਗਈ ਏ।

---------------------------------------------------------

ਪੰਜਾਬ ਸਰਕਾਰ ਨੇ 66 ਕੇਵੀ ਬਿਜਲੀ ਸਪਲਾਈ ਲਾਈਨ ਵਿਛਾਉਣ ਕਾਰਨ ਪ੍ਰਭਾਵਤ ਹੋਣ ਵਾਲੇ ਜਮੀਨ ਮਾਲਕਾਂ ਲਈ ਮੁਆਵਜ਼ੇ ਦੀ ਦਰ ਵਿਚ ਵਾਧੇ ਦਾ ਐਲਾਨ ਕੀਤਾ ਏ। ਇਸ ਬਾਰੇ ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਦਸਿਆ ਏ ਕਿ ਬਿਜਲੀ ਸਪਲਾਈ ਲਾਈਨਾਂ ਦੀ ਸਥਾਪਨਾ ਦੌਰਾਨ ਪ੍ਰਭਾਵਤ ਵਿਅਕਤੀਆਂ ਦੀ ਜ਼ਮੀਨ ਦੀ ਕੀਮਤ ਵਿਚ ਆਈ ਕਮੀ ਦੇ ਮਦੇਨਜ਼ਰ ਮੁਆਵਜ਼ੇ ਦੀ ਦਰ ਦੁੱਗਣੀ ਤੋਂ ਵੱਧ ਕਰ ਦਿੱਤੀ ਗਈ ਏ। ਉਨ੍ਹਾਂ ਕਿਹਾ ਕਿ ਨਵੀਂ ਨੀਤੀ ਤਹਿਤ ਟਾਵਰ ਬੇਸ ਏਰੀਆ ਦਾ ਮੁਆਵਜ਼ਾ ਹੁਣ ਜ਼ਮੀਨ ਦੀ ਕੀਮਤ ਦਾ 200 ਫੀਸਦੀ ਹੋਵੇਗਾ। ਟਾਵਰ ਅਧਾਰ ਖੇਤਰ ਨੂੰ ਟਾਵਰ ਦੀਆਂ ਚਾਰ ਲੱਤਾਂ ਦੁਆਰਾ ਪਾਇਆ ਘੇਰਾ ਤੇ ਨਾਲ ਹੀ ਹਰ ਪਾਸੇ ਵਾਧੂ ਇਕ-ਇਕ ਮੀਟਰ

ਐਕਸਟੈਂਸ਼ਨ ਦੇ ਨਾਲ ਪਰਿਭਾਸ਼ਤ ਕੀਤਾ ਗਿਆ ਏ। ਪਹਿਲਾਂ, ਇਹ ਮੁਆਵਜ਼ਾ ਟਾਵਰ ਦੀਆਂ ਚਾਰ ਲੱਤਾਂ ਨਾਲ ਘਿਰੇ ਹੋਏ ਖੇਤਰ ਦੇ 85 ਫੀਸਦ ਤੱਕ ਸੀਮਤ ਸੀ। ਸੋਧੇ ਹੋਏ ਮੁਆਵਜ਼ੇ ਤੋਂ ਇਲਾਵਾ ਪੰਜਾਬ ਸਰਕਾਰ ਨੇ ਰਾਈਟ-ਆਫ-ਵੇ ਕੋਰੀਡੋਰ ਲਈ ਮੁਆਵਜ਼ੇ ਦੀ ਰਕਮ ਵਿਚ ਵੀ ਵਾਧਾ ਕੀਤਾ ਏ।

---

ਬਠਿੰਡਾ ਦੇ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਜ਼ਿਲ੍ਹੇ ਅਧੀਨ ਪੈਂਦੇ ਵੱਖ-ਵੱਖ ਪਿੰਡਾਂ ਵਿੱਚ ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਵਿਭਾਗ ਵੱਲੋਂ ਮਗਨ-ਰੇਗਾ ਦੇ ਸਹਿਯੋਗ ਨਾਲ ਬਣਾਏ ਜਾ ਰਹੇ 57 ਨਵੇਂ ਸਮਾਰਟ ਆਂਗਨਵਾੜੀ ਕੇਂਦਰਾਂ ਅਤੇ ਬਚਿਆਂ ਲਈ ਸੁਖਾਵੇਂ 61 ਪਖਾਨਿਆਂ ਦੇ ਨਿਰਮਾਣ ਕਾਰਜਾਂ ਦੇ ਮੱਦੇਨਜ਼ਰ ਸਬੰਧਤ ਵਿਭਾਗ ਦੇ ਅਧਿਕਾਰੀਆਂ ਨਾਲ ਸਮੀਖਿਆਂ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਇਨ੍ਹਾਂ ਸਮਾਰਟ ਆਂਗਨਵਾੜੀ ਕੇਂਦਰਾਂ ਤੇ ਬਚਿਆਂ ਲਈ ਸੁਖਾਵੇਂ ਪਖਾਨਿਆਂ ਦੇ ਚੱਲ ਰਹੇ ਨਿਰਮਾਣ ਕਾਰਜਾਂ ਵਿੱਚ ਤੇਜ਼ੀ ਲਿਆਂਦੀ ਜਾਵੇ।

ਉਨ੍ਹਾਂ ਇਹ ਵੀ ਕਿਹਾ ਕਿ ਇਨ੍ਹਾਂ ਸਮਾਰਟ ਕੇਂਦਰਾਂ’ਚ ਵਧੀਆ ਚਿੱਤਰਕਾਰੀ, LED ਟੀ.ਵੀ. ਤੇ ਪੀਣ ਲਈ ਸਾਫ ਪਾਣੀ ਆਦਿ ਦੇ ਪ੍ਰਖਤਾ ਪ੍ਰਬੰਧ ਕਰਨੇ ਲਾਜ਼ਮੀ ਬਣਾਏ ਜਾਣ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਸ਼੍ਰੀ ਪੰਕਜ ਕੁਮਾਰ ਨੇ ਦੱਸਿਆ ਕਿ ਬਣਾਏ ਜਾ ਰਹੇ ਸਮਾਰਟ ਆਂਗਨਵਾੜੀ ਕੇਂਦਰਾਂ ਵਿੱਚੋਂ 13 ਕੇਂਦਰ ਅਤੇ ਬਚਿਆਂ ਲਈ ਸੁਖਾਵੇਂ ਪਖਾਨਿਆਂ’ਚੋਣ 38 ਦਾ ਕੰਮ ਮੁਕੰਮਲ ਹੋ ਗਿਆ ਏ ਤੇ, ਬਾਕੀ ਦਾ ਕੰਮ ਉਸਾਰੀ ਅਧੀਨ ਏ । ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰੁਪਿੰਦਰ ਪਾਲ ਸਿੰਘ ਤੋਂ ਇਲਾਵਾ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਵਿਭਾਗ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

---------------------------------------------------------

ਗੁਰੂ ਰਵਿਦਾਸ ਜੀ ਦੇ 648ਵੇ ਪ੍ਰਕਾਸ਼ ਦਿਹਾੜੇ ਮੌਕੇ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਸਰਹਿੰਦ ਵਲੋਂ ਜ਼ਿਲ੍ਹਾ ਪੱਧਰ ਤੇ ਪਿੰਡ ਭੱਟਮਾਜਰਾ ਸਰਹਿੰਦ ਵਿੱਖੇ ਬੜੀ ਸ਼ਰਧਾ ਨਾਲ ਮਨਾਇਆ ਗਿਆ । ਇਸ ਮੌਕੇ ਇੱਕ

ਧਾਰਮਿਕ ਸਮਾਗਮ ਵੀ ਕਰਾਇਆ ਗਿਆ . ਇਸ ਮੌਕੇ ਮੌਜੂਦ ਵਖ – ਵਖ ਸੰਤਾਂ ਨੇ ਸਤਿਗੁਰੂ ਰਵਿਦਾਸ ਜੀ ਦੇ ਜੀਵਨ ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਗੁਰੂ ਰਵਿਦਾਸ ਜੀ ਨੇ ਜਾਤ-ਪਾਤ ਉੱਚ-ਨੀਚ ਤੇ ਗ਼ਰੀਬ-ਅਮੀਰ ਦੇ ਵਖਰੇਵਿਆਂ ਤੋਂ ਉਪਰ ਉੱਠ ਕੇ ਸਾਰੇ ਸੰਸਾਰ ਨੂੰ ਰਲ ਮਿਲ ਕੇ ਰਹਿਣ ਦਾ ਉਪਦੇਸ਼ ਦਿੱਤਾ. ਸਮਾਗਮ ਉਪਰੰਤ ਇੱਕ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ .ਸ਼ੋਭਾ ਯਾਤਰਾ ਦੇ ਬਾਅਦ 150 ਦੇ ਕਰੀਬ ਯਾਤਰੀਆਂ ਦਾ ਜੱਥਾ, ਗੁਰੂ ਰਵਿਦਾਸ ਜੀ ਦੇ ਜਨਮ ਸਥਾਨ ਕਾਸ਼ੀ, ਵਾਰਾਣਸੀ ਵਿੱਖੇ 12 ਫ਼ਰਵਰੀ ਨੂੰ ਹੋ ਰਹੇ ਵਿਸ਼ਵ ਪੱਧਰੀ ਸਮਾਗਮ ਵਿੱਚ ਸ਼ਾਮਲ ਹੋਣ ਲਈ ਸੰਗਤਾਂ ਦੇ ਜੈਕਾਰਿਆਂ ਦੀ ਗੂੰਜ ਨਾਲ ਹਾਵੜਾ ਮੇਲ ਰੇਲ ਗੱਡੀ ਰਾਹੀਂ ਕਾਸ਼ੀ ਵਾਰਾਣਸੀ ਲਈ ਰਵਾਨਾ ਹੋਇਆ।

--------------------------------------------------------

ਰੁਆਇਲ ਇਨਫੀਲਡ, ਕੋਕਾ ਕੋਲਾ, ਏਵਨ ਸਾਈਕਲ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਦਾ ਅੱਜ ਰੰਗਾਰੰਗ ਆਗਾਜ਼ ਹੋਇਆ। ਇਹਨਾਂ ਖੇਡਾਂ ਦਾ ਉਦਘਾਟਨ ਵਿਧਾਇਕ ਜੀਵਨ ਸਿੰਘ ਸੰਗੋਵਾਲ ਹਲਕਾ ਗਿੱਲ , ਤੇ ਅਮਨਦੀਪ ਸਿੰਘ ਮੋਹੀ ਚੇਅਰਮੈਨ ਮਾਰਕਫੈਡ ਨੇ

ਕੀਤਾ।ਇਸ ਮੌਕੇ ਉਹਨਾਂ ਨੇ ਵੱਖ-ਵੱਖ ਸਕੂਲਾਂ ਅਤੇ ਖਿਡਾਰੀਆਂ ਦੇ ਮਾਰਚ ਪਾਸਟ ਤੋਂ ਸਲਾਮੀ ਲਈ । ਇਸ ਮੌਕੇ ਉਹਨਾਂ ਨੇ ਖੇਡਾਂ ਸ਼ੁਰੂ ਕਰਨ ਦਾ ਐਲਾਨ ਕੀਤਾ ਅਤੇ ਪਿੰਡ ਜਰਖੜ ਦੇ ਵੱਖ ਵੱਖ ਵਿਕਾਸ ਕੰਮਾਂ ਲਈ ਤੇ ਸਟੇਡੀਅਮ ਦੀ ਉਸਾਰੀ ਲਈ 18 ਲੱਖ ਰੁਪਏ ਦੀ ਗਰਾਂਟ ਦਾ ਚੈੱਕ ਵੀ ਗ੍ਰਾਮ ਪੰਚਾਇਤ ਨੂੰ ਪ੍ਰਦਾਨ ਕੀਤਾ। ਉਹਨਾਂ ਕਿਹਾ ਕਿ ਜਰਖੜ ਖੇਡਾਂ ਦਾ ਪੰਜਾਬ ਦੀਆਂ ਪੇਂਡੂ ਖੇਡਾਂ ਦੇ ਇਤਿਹਾਸ ਵਿੱਚ ਇੱਕ ਵਿਲੱਖਣ ਸਥਾਨ ਏ ਅਤੇ ਪੰਜਾਬ ਦੇ ਪੇਡੂ ਖੇਡ ਮੇਲਿਆਂ ਲਈ ਇੱਕ ਆਦਰਸ਼ ਨੇ. ਇਸ ਮੌਕੇ ਵੱਖ ਵੱਖ ਸਕੂਲਾਂ ਵੱਲੋਂ ਸੱਭਿਆਚਾਰ ਪ੍ਰੋਗਰਾਮ ਪੇਸ਼ ਕੀਤਾ ਗਿਆ। ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਭਲਕੇ 8 ਫਰਵਰੀ ਨੂੰ ਕਬੱਡੀ ਇੱਕ ਪਿੰਡ ਓਪਨ , ਵਾਲੀਵਾਲ, ਫੁਟਬਾਲ ਲੜਕੀਆਂ ਅਤੇ ਹਾਕੀ ਦੇ ਮੁਕਾਬਲੇ ਮੁੱਖ ਖਿੱਚ ਦਾ ਕੇਂਦਰ ਹੋਣਗੇ ਜਦਕਿ ਫਾਈਨਲ ਮੁਕਾਬਲੇ 9 ਫਰਵਰੀ ਨੂੰ ਹੋਣਗੇ ਜਿੱਥੇ ਸਮਾਜ ਸੇਵੀ ਅਤੇ ਖੇਡ ਜਗਤ ਨਾਲ ਜੁੜੀਆਂ  ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ।

-----------------------------------------------------

ਉਤਰਾਖੰਡ ਵਿਖੇ ਹੋ ਰਹੀਆਂ 38ਵੀਆਂ ਰਾਸ਼ਟਰੀ ਖੇਡਾਂ ਵਿਚ ਪੰਜਾਬ ਨੇ

ਅੱਜ ਕਾਂਸੀ ਦਾ ਇੱਕ ਹੋਰ ਤਮਗਾ ਜਿੱਤਿਆ ਏ. ਇਸ ਨਾਲ ਪੰਜਾਬ ਦੇ ਕੁਲ ਤਮਗਿਆ ਦੀ ਗਿਣਤੀ ਵਧ ਕੇ 34 ਹੋ ਗਈ ਏ ਜਿਸ ਵਿਚ ਨੇ 8 ਸੋਨੇ 9 ਚਾਂਦੀ ਅਤੇ 17 ਕਾਂਸੀ ਦੇ ਤਮਗੇ ਸ਼ਾਮਿਲ ਨੇ। ਪੰਜਾਬ ਨੇ ਸਭ ਤੋਂ ਵਧ ਤਮਗੇ WEIGHTLIFTING'ਚ ਹਾਸਿਲ ਕੀਤੇ ਨੇ ਜਿਸ 'ਚ ਸੂਬੇ ਨੂੰ 3 ਸੋਨੇ ਦੇ 3 ਚਾਂਦੀ ਦੇ ਅਤੇ 1 ਕਾਂਸੀ ਦੇ ਤਮਗੇ ਸਮੇਤ ਕੁਲ 7 ਤਮਗੇ ਹਾਸਿਲ ਹੋਏ ਨੇ। ਸਰਵਿਸਿਜ਼ ਸਭ ਤੋਂ ਵਧੀਆ ਕਾਰਗੁਜ਼ਾਰੀ ਦਿਖਾਉਂਦਿਆਂ ਚੋਟੀ 'ਤੇ ਕਾਬਿਜ਼ ਏ. ਇਸ ਨੇ 38 ਸੋਨੇ ਦੇ, 13 ਚਾਂਦੀ ਦੇ ਅਤੇ 12 ਕਾਂਸੀ ਦੇ ਤਮਗਿਆਂ ਸਮੇਤ ਹੁਣ ਤਕ ਕੁਲ 63 ਤਮਗੇ ਜਿੱਤੇ ਨੇ।

---------------------------------------------------

<u>**ਆਖਿਰ 'ਚ ਖਾਸ ਖਬਰਾਂ ਇਕ ਵਾਰ ਫਿਰ ਤੋਂ**</u>

- ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਕਿਹਾ ਏ ਕਿ ਪਿਛਲੇ ਸਾਲ ਦੇ ਅੰਤ ਤੱਕ 4 ਹਜ਼ਾਰ 300 ਤੋਂ ਵੱਧ ਖੇਤੀ ਉਤਪਾਦਕ ਸੰਗਠਨਾਂ FPOs ਨੇ ਈ-ਨਾਮ ਪੋਰਟਲ ਨਾਲ ਰਜਿਸਟਰ ਕੀਤਾ ਏ।

- ਅੱਜ ਭਾਰਤ ਸਰਕਾਰ ਵੱਲੋਂ ਸਦਭਾਵਨਾ ਵਜੋਂ ਪੰਜ ਪਾਕਿਸਤਾਨੀ ਕੈਦੀਆਂ ਨੂੰ ਰਿਹਾ ਕੀਤਾ ਗਿਆ ਏ।
- ਖਪਤਕਾਰ ਮਾਮਲਿਆਂ ਬਾਰੇ ਵਿਭਾਗ ਨੇ ਇੱਕ AI-ਸਮਰੱਥ ਰਾਸ਼ਟਰੀ ਖਪਤਕਾਰ ਹੈਲਪਲਾਈਨ (NCH) ਸਿਸਟਮ ਕਾਇਮ ਕੀਤਾ ਏ।
- ਰੂਪ ਨਗਰ ਸ਼ਹਿਰ ਵਿੱਚ ਨਹਿਰੀ ਪਾਣੀ ਦੀ ਸਪਲਾਈ ਨੂੰ ਵਧਾਉਣ ਲਈ ਕਰੀਬ 1 ਹਜ਼ਾਰ 247 ਲੱਖ ਰੁਪਏ ਦੇ ਕੰਮ ਦੀ ਸ਼ੁਰੂਆਤ ਕੀਤੀ ਗਈ ਏ।
- ਉਤਰਾਖੰਡ ਵਿਖੇ ਹੋ ਰਹੀਆਂ 38ਵੀਆਂ ਰਾਸ਼ਟਰੀ ਖੇਡਾਂ ਵਿਚ ਪੰਜਾਬ ਨੇ ਅੱਜ ਕਾਂਸੀ ਦਾ ਇੱਕ ਹੋਰ ਤਮਗਾ ਜਿੱਤਿਆ ਏ ਤੇ ਇਸਦੇ ਤਮਗਿਆਂ ਦੀ ਕੁਲ ਗਿਣਤੀ ਵਧ ਕੇ 34 ਹੋ ਗਈ ਏ।